weeklypoetry.com

**Exam. Code : 108503**
**Subject Code : 2808**

**B.Com. 3rd Semester**

**PUNJABI (Compulsory)**

**Paper—BCG–302 (i)**

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਭਾਈ ਵੀਰ ਸਿੰਘ ਦੀ ਕਵਿਤਾ 'ਕੰਬਦੀ ਕਲਾਈ' ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

ਜਾਂ

ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਖੂਹ ਉੱਤੇ' ਦਾ ਸਾਰੰਸ਼ ਲਿਖੋ। 15

2. 'ਜ਼ਫ਼ਰਨਾਮਾ' ਜਾਂ 'ਬੰਬ ਕੇਸ' ਇਕਾਂਗੀ ਦਾ ਸਾਰ ਲਿਖੋ।

ਜਾਂ

ਕਿਸੇ **ਦੋ** ਪਾਤਰਾਂ ਦਾ ਚਰਿੱਤਰ-ਚਿਤਰਨ ਕਰੋ :

(ੳ) ਕੌਰਾਂ

(ਅ) ਜ਼ੀਨਤ-ਉਨ-ਨਿਸਾ

(ੲ) ਵੀਰਾਂ ਵਾਲੀ

(ਸ) ਅਸਦ ਖਾਂ। 15



weeklypoetry.com

3. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ ਢੁੱਕਵਾਂ ਸਿਰਲੇਖ ਦਿਓ :

ਜ਼ਿੰਦਗੀ ਨੂੰ ਢਾਹ ਉਦੋਂ ਲੱਗਦੀ ਹੈ ਜਦੋਂ ਉਸ ਵਿਚਲੀ ਅਣਖੀਲੀ 'ਮੈਂ" ਹਿੱਸ ਜਾਂਦੀ ਹੈ। ਜ਼ਿੰਦਗੀ ਨੂੰ ਮੁੜ ਸੁਰਜੀਤ ਕਰਨ ਦਾ ਕੋਈ ਆਹਰ ਇਸ 'ਮੈਂ" ਨੂੰ ਸੁਰਜੀਤ ਕੀਤੇ ਬਿਨ੍ਹਾਂ ਸੰਭਵ ਹੀ ਨਹੀਂ ਹੋ ਸਕਦਾ। ਕਲਾ ਦੀ ਚੇਟਕ ਤੇ ਖ਼ਾਸ ਕਰਕੇ ਸਾਹਿਤ ਇਸ ਕੰਮ ਲਈ ਸਭ ਤੋਂ ਉੱਤਮ ਤੇ ਸਫ਼ਲ ਸਾਧਨ ਸਿੱਧ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿੱਚ ਕਵੀਆਂ ਦੀ ਮੰਡਲੀ ਤੋਂ ਆਪਣੇ ਪ੍ਰਸ਼ੰਸਾ ਗੀਤ ਨਹੀਂ ਲਿਖਵਾਏ ਤੇ ਨਾ ਹੀ ਚਟਪਟੇ ਨਾਇਕ-ਨਾਇਕਾ ਵਰਣਨਾਂ ਨੂੰ ਉਭਾਰ ਕੇ ਚੰਮ-ਖੁਸ਼ੀਆਂ ਦੀ ਰਸਿਕਤਾ ਨੂੰ ਬਾਲਿਆ, ਸਗੋਂ ਉਹਨਾਂ ਭਾਰਤ ਦੇ ਅਤੇ ਸੰਸਾਰ ਦੇ ਅਨੇਕਾਂ ਗੌਰਵ-ਗ੍ਰੰਥਾਂ ਨੂੰ ਸਰਸਵਤੀ ਭੰਡਾਰਾਂ ਦੇ ਜੰਦਰਿਆ ਦੀ ਕੈਦ ਵਿੱਚੋਂ ਕੱਢ ਕੇ ਜਨਤਾ ਦੀ ਬੋਲੀ ਵਿੱਚ ਉਲਥਾ ਕਰਵਾਇਆ। ਪੌਰਾਣਿਕ ਕਹਾਣੀਆਂ ਨੂੰ ਮੁੜ ਨਵੇਂ ਦ੍ਰਿਸ਼ਟੀਕੋਣ ਦੀ ਸੇਧ ਵਿੱਚ ਆਂਕਿਆ। ਪੂਰਨ ਸਿੰਘ ਨੇ ਵੀ ਉਸੇ ਆਦਰਸ਼ ਨੂੰ ਪੱਲੇ ਬੰਨ੍ਹਿਆ ਸੀ। ਜਿਥੇ ਖੁਲ੍ਹੇ ਲੇਖਾਂ ਦਾ ਆਦਰਸ਼ ਆਪਣੀ ਮਾਤ-ਬੋਲੀ ਵਿੱਚ ਉੱਚੀ ਵਿਦਵਤਾ ਦਾ ਚੇਟਕ ਜਗਾਣ ਦਾ ਆਹਰ ਸੀ, ਉੱਥੇ ਹਿੰਦੀ ਲੇਖਾਂ ਵਿੱਚ ਸਮਾਜਿਕ ਚੇਤਨਾ ਨੂੰ ਬੇਜੋੜ ਕੇ ਜਗਾਉਣਾ ਉਸ ਦਾ ਆਦਰਸ਼ ਜਾਪਦਾ ਹੈ। 10

4. ਸ਼ਬਦ ਕੀ ਹੁੰਦਾ ਹੈ ? ਇਸਦੀ ਰਚਨਾ ਕਿਵੇਂ ਹੁੰਦੀ ਹੈ ?

**ਜਾਂ**

ਬਣਤਰ ਦੇ ਆਧਾਰ ਉੱਤੇ ਵਾਕ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ। 10



weeklypoetry.com